# ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ(ਸੈ:ਸਿੱ:) ਸੰਗਰੂਰ
# ਪੰਜਾਬ ਆਈ ਸੀ ਟੀ ਸਿੱਖਿਆ ਸੁਸਾਇਟੀ

ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਬਲਾਕ-2, ਦੂਸਰੀ ਮੰਜ਼ਿਲ, ਸੰਗਰੂਰ
ਈ-ਮੇਲ: ictdeo.se.sangrur@gmail.com, ਫੋਨ ਨੰ। 01672-241941

************************************************************************************

ਵੱਲ

ਸਮੂਹ ਪ੍ਰਿੰਸੀਪਲ/ ਮੁੱਖ ਅਧਿਆਪਕ
ਸਸਸਸ/ ਸਹਸ/ ਸਮਿਸ
ਜ਼ਿਲ੍ਹਾ ਸੰਗਰੂਰ।

ਪੱਤਰ ਨੰ: ICT/School Instructions/2016-17/1318 ਮਿਤੀ ਸੰਗਰੂਰ 15.09.2016

ਵਿਸ਼ਾ: ਸਕੂਲਾਂ ਵਿੱਚ ਚੱਲ ਰਹੇ ICT ਪ੍ਰੋਜੈਕਟ ਨੂੰ ਸੁਚਾਰੂ ਰੂਪ ਨਾਲ ਚਲਾਉਣ ਲਈ ਜ਼ਰੂਰੀ ਹਦਾਇਤਾਂ ਅਤੇ ਕੰਪਿਊਟਰ ਫੈਕਲਟੀਜ਼ ਦੀਆਂ ਛੁੱਟੀਆਂ ਸਬੰਧੀ ਸੂਚਨਾ ਭੇਜਣ ਬਾਰੇ।

ਹਵਾਲਾ: ਪ੍ਰੋਜੈਕਟ ਕੋਆਰਡੀਨੇਟਰ ICT ਬਠਿੰਡਾ ਸਰਕਲ ਤੋਂ ਪ੍ਰਾਪਤ ਈ-ਮੇਲ ਸੰਦੇਸ਼ ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਸਬੰਧੀ ਲਿਖਿਆ ਜਾਂਦਾ ਹੈ ਕਿ ਜ਼ਿਲ੍ਹੇ ਦੇ ਸਸਸਸ/ਸਹਸ/ਸਮਿਸ ਸਕੂਲ ਜਿਨ੍ਹਾਂ ਵਿੱਚ ICT ਪ੍ਰੋਜੈਕਟ ਚੱਲ ਰਿਹਾ ਹੈ, ਨੂੰ ਹੋਰ ਸੁਚਾਰੂ ਢੰਗ ਨਾਲ ਚਲਾਉਣ ਲਈ ਨਿਮਨਲਿਖਤ ਹਦਾਇਤਾਂ ਪ੍ਰਾਪਤ ਹੋਈਆਂ ਹਨ:

1. ਜ਼ਿਲ੍ਹੇ ਦੇ ਸਮੂਹ ਸਸਸਸ/ਸਹਸ ਸਕੂਲਾਂ ਦੇ ਮੁਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪਣੇ ਸਕੂਲ ਨਾਲ ਅਟੈਚ ਸਹਸ/ਸਮਿਸ ਸਕੂਲ ਵਿੱਚ ਕੰਪਿਊਟਰ ਫੈਕਲਟੀ ਨੂੰ ਭੇਜਣਾ ਯਕੀਨੀ ਬਣਾਇਆ ਜਾਵੇ। ਇਸ ਕੰਮ ਵਿੱਚ ਕਿਸੇ ਵੀ ਕਿਸਮ ਦੀ ਅਣਗਹਿਲੀ/ਕੋਤਾਹੀ ਨਾਂ ਵਰਤੀ ਜਾਵੇ।
2. ਆਪਣੇ ਸਕੂਲ ਦੀ ਕੰਪਿਊਟਰ ਲੈਬ ਹਰ ਸਮੇਂ ਚਲਦੀ ਹਾਲਤ ਵਿੱਚ ਰੱਖੀ ਜਾਵੇ, ਜਿਵੇਂ ਕਿ ਕੰਪਿਊਟਰ ਹਾਰਡਵੇਅਰ, ਫ਼ਰਨੀਚਰ, ਬਿਜਲੀ, ਅਰਥਿੰਗ ਆਦਿ।
3. ਆਪਣੇ ਸਕੂਲ ਵਿੱਚ ਉਪਲਬਧ ਮਲਟੀਮੀਡੀਆ ਯੰਤਰ ਜਿਵੇਂ ਕਿ LCD, LFD, KYAN ਆਦਿ ਨੂੰ ਚਲਦੀ ਹਾਲਤ ਵਿੱਚ ਰੱਖਿਆ ਜਾਵੇ ਅਤੇ ਇਨ੍ਹਾਂ ਯੰਤਰਾਂ ਦੀ ਵਰਤੋਂ ਪਹਿਲਾਂ ਜਾਰੀ ਹਦਾਇਤਾਂ ਅਨੁਸਾਰ ਕੀਤੀ ਜਾਵੇ ਅਤੇ ਇਸ ਦੀ ਵਰਤੋਂ ਦਾ ਰਿਕਾਰਡ (ROT Format) ਇੱਕ ਵੱਖਰੇ ਰਜਿਸਟਰ ਵਿੱਚ ਦਰਜ ਕੀਤਾ ਜਾਵੇ।
4. ਜਿਨ੍ਹਾਂ ਸਕੂਲਾਂ ਵਿੱਚ ਇੰਟਰਨੈਟ ਨਹੀਂ ਚਲਦਾ ਜਾਂ ਸਕੂਲ ਨੂੰ ਬਿਲ ਭਰਨ ਵਿੱਚ ਦਿੱਕਤ ਹੈ ਤਾਂ ਇਸ ਦੀ ਰਿਪੋਰਟ ਤੁਰੰਤ ਜ਼ਿਲ੍ਹੇ ਦੀ ਵੈਬਸਾਈਟ ਉੱਪਰ ਦਿੱਤੇ ਫ਼ਾਰਮ *(URGENT: Internet Connection Info upto 17.09.2016)* ਵਿੱਚ ਮਿਤੀ 17.09.2016 ਤੱਕ ਹਰ ਹਾਲਤ ਵਿੱਚ ਭਰ ਦਿੱਤੀ ਜਾਵੇ। ਮਿਤੀ 17.09.2016 ਨੂੰ ਇਹ ਫ਼ਾਰਮ ਸ਼ਾਮ 05.00 ਵਜੇ ਬੰਦ ਕਰ ਦਿੱਤਾ ਜਾਵੇਗਾ ਅਤੇ ਸੂਚਨਾ ਦੀ ਹਾਰਡ ਕਾਪੀ ਨੂੰ ਵਿਚਾਰਿਆ ਨਹੀਂ ਜਾਵੇਗਾ। ਇਸ ਲਈ ਸੂਚਨਾ ਸਮੇਂ ਸਿਰ ਭੇਜਣੀ ਯਕੀਨੀ ਬਣਾਈ ਜਾਵੇ।
5. ਆਪ ਦੇ ਸਕੂਲ ਦੇ ਸਮੂਹ ਕੰਪਿਊਟਰ ਫੈਕਲਟੀਜ਼ ਦੁਆਰਾ ਮਿਤੀ 18.09.2015 ਤੋਂ ਹੁਣ ਤੱਕ ਲਈਆਂ ਗਈਆਂ ਸਾਰੀਆਂ ਛੁੱਟੀਆਂ (ਅਚਨਚੇਤ ਛੁੱਟੀਆਂ ਤੋਂ ਇਲਾਵਾ) ਦਾ ਰਿਕਾਰਡ ਜ਼ਿਲ੍ਹੇ ਦੀ ਵੈਬਸਾਈਟ ਉੱਪਰ ਦਿੱਤੇ ਫ਼ਾਰਮ *(Reg. Leaves of CFs from 18.09.2015 to Till Date)* ਵਿੱਚ ਭਰਿਆ ਜਾਵੇ ਅਤੇ ਸੂਚਨਾ ਦੀ ਹਾਰਡ ਕਾਪੀ ਨਿਮਨ ਪ੍ਰੋਫਾਰਮੇ ਵਿੱਚ, ਮਿਤੀ 19.09.2016 ਤੱਕ ਹਰ ਹਾਲਤ ਵਿੱਚ ਜਮ੍ਹਾਂ ਕਰਵਾਈ ਜਾਵੇ। ਕੰਪਿਊਟਰ ਫੈਕਲਟੀਜ਼ ਦੁਆਰਾ ਨਾਲ ਅਟੈਚ ਸਹਸ/ਸਮਿਸ ਸਕੂਲ ਵਿੱਚ ਲਈਆਂ ਛੁੱਟੀਆਂ ਦੀ ਸੂਚਨਾ (ਅਟੈਚ ਸਹਸ/ਸਮਿਸ ਤੋਂ ਮੰਗਵਾ ਕੇ) ਪਿੱਤਰੀ ਸਕੂਲ ਦੁਆਰਾ ਹੀ ਭਰੀ ਜਾਵੇ। ਜੇਕਰ ਸੂਚਨਾ ਨਿੱਲ ਹੋਵੇ ਤਾਂ ਸਕੂਲ ਮੁਖੀ ਵੱਲੋਂ ਨਿੱਲ ਸੂਚਨਾ ਤਸਦੀਕ ਕਰਕੇ ਭੇਜੀ ਜਾਵੇ।

**School Name: GSSS/GHS/__________________**

| S. No. | Name of CF | Regular/ Contractual under PICTES | Date of Regular Joining in School *(if Regular, otherwise write contractual DOJ)* | Leave Record *(From 18.09.2015 to Till Date)* | | | Reason |
|---|---|---|---|---|---|---|---|
| | | | | Type of Leave *(except Casual Leave)* | Period *(From – To)* | No. of Days | |
| | | | | | | | |
| **TOTAL** | | | | | | | |

ਜ਼ਿਲ੍ਹਾ ਸਿੱਖਿਆ ਅਫ਼ਸਰ(ਸੈ:ਸਿੱ:)
ਸੰਗਰੂਰ